## ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਟੂ ਸਟੂਡੈਂਟਸ ਬਿਲੋਂਗਿੰਗ ਟੂ ਮਨਿਓਰਿਟੀ ਕਮਿਊਨਿਟੀਜ਼-100% ਸੈਂਟਰਲ ਸ਼ੇਅਰ:-

ਇਹ ਸਕੀਮ ਭਾਰਤ ਸਰਕਾਰ ਵੱਲੋਂ ਮਿਤੀ 21-6-2007 ਤੋਂ ਸ਼ੁਰੂ ਕੀਤੀ ਗਈ ਸੀ। ਇਸ ਸਕੀਮ ਦਾ ਮੁੱਖ ਮਕਸਦ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਈਸਾਈ, ਬੋਧੀ, ਜੈਨ ਅਤੇ ਪਾਰਸੀ) ਦੇ ਨਾਲ ਸਬੰਧਤ ਗਰੀਬ ਬੱਚਿਆਂ ਨੂੰ ਵਿੱਤੀ ਸਹਾਇਤਾ ਦੇਣਾ ਹੈ ਤਾਂ ਜੋ ਉਹ ਪ੍ਰੋਫੈਸ਼ਨਲ ਤੇ ਟੈਕਨੀਕਲ ਕੋਰਸਿਜ਼ ਦੀ ਪੜ੍ਹਾਈ ਸੁਚੱਜੇ ਢੰਗ ਨਾਲ ਕਰ ਸਕਣ।

### ਵਜ਼ੀਫੇ ਦੀਆਂ ਸ਼ਰਤਾਂ

ਸਕਾਲਰਸ਼ਿਪ ਭਾਰਤ ਵਿੱਚ ਸਥਿਤ ਟੈਕਨੀਕਲ, ਪ੍ਰੋਫੈਸ਼ਨਲ, ਮੈਡੀਕਲ, ਨਰਸਿੰਗ, ਫਾਰਮੇਸੀ, ਮੈਨੇਜਮੈਂਟ ਆਦਿ ਸੰਸਥਾਵਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਦਿੱਤਾ ਜਾਂਦਾ ਹੈ। ਇਸ ਸਕੀਮ ਤਹਿਤ ਸਕਾਲਰਸ਼ਿਪ ਲੈਣ ਲਈ ਉਹ ਵਿਦਿਆਰਥੀ ਯੋਗ ਹਨ ਜਿਨ੍ਹਾਂ ਦੇ ਪਿਛਲੇ ਇਮਤਿਹਾਨ ਵਿੱਚ 50% ਤੋਂ ਘੱਟ ਨੰਬਰ ਨਾ ਹੋਣ ਤੇ ਉਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2.50 ਲੱਖ ਸਾਲਾਨਾ ਤੋਂ ਵੱਧ ਨਾ ਹੋਵੇ। ਮਾਪੇ /ਬੱਚਾ ਪੰਜਾਬ ਦਾ ਵਸਨੀਕ ਹੋਵੇ ਤੇ ਵਿੱਦਿਅਕ ਸੰਸਥਾ ਵਿੱਚ ਰੈਗੂਲਰ ਪੜ੍ਹਦਾ ਹੋਵੇ। ਇਸ ਸਕੀਮ ਤਹਿਤ ਇੱਕ ਪਰਿਵਾਰ ਦੇ ਦੋ ਬੱਚਿਆਂ ਤੱਕ ਲਾਭ ਦਿੱਤਾ ਜਾਂਦਾ ਹੈ।

### ਸਕਾਲਰਸ਼ਿਪ ਦੀ ਦਰ

| ਲੜੀ ਨੰ: | ਆਈਟਮ | ਹੋਸਟਲਰ | ਡੇਅ-ਸਕਾਲਰ |
|---|---|---|---|
| 1 | ਮੈਨਟੀਨੈਂਸ ਭੱਤਾ (ਸਿਰਫ 10 ਮਹੀਨਿਆਂ ਲਈ) | 10,000/- ਰੁਪਏ ਪ੍ਰਤੀ ਸਾਲ (1,000 ਰੁਪਏ ਪ੍ਰਤੀ ਮਹੀਨਾ) | 5,000/- ਰੁਪਏ ਪ੍ਰਤੀ ਸਾਲ ( 500 ਰੁਪਏ ਪ੍ਰਤੀ ਮਹੀਨਾ) |
| 2 | ਕੋਰਸ ਫੀਸ | ਵਾਸਤਵਿਕਤਾ ਤੇ ਆਧਾਰਤ ਜਾਂ 20,000/- ਰੁਪਏ ਪ੍ਰਤੀ ਸਾਲ | ਵਾਸਤਵਿਕਤਾ ਤੇ ਆਧਾਰਤ ਜਾਂ 20,000/- ਰੁਪਏ ਪ੍ਰਤੀ ਸਾਲ |
| | **ਕੁੱਲ ਜੋੜ** | **30,000/-** | **25,000/-** |

### ਅਪਲਾਈ ਕਰਨ ਦੀ ਵਿਧੀ

ਇਹ ਸਕੀਮ ਸੈਸ਼ਨ 2011-12 ਤੋਂ ਆਨਲਾਈਨ ਕੀਤੀ ਜਾ ਚੁੱਕੀ ਹੈ। ਯੋਗ ਵਿਦਿਆਰਥੀ ਵਜ਼ੀਫੇ ਲਈ ਫਾਰਮ ਵੈਬਸਾਈਟ **www.scholarships.gov.in** ਤੇ ਜਾ ਕੇ ਅਪਲਾਈ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਪੇਮੈਂਟ ਵੀ ਸਿੱਧੀ ਉਨ੍ਹਾਂ ਦੇ ਖਾਤਿਆਂ ਵਿੱਚ ਆਨਲਾਈਨ ਕੀਤੀ ਜਾਂਦੀ ਹੈ।